**ਪ੍ਰਧਾਨ ਮੰਤਰੀ ਨੂੰ ਆਰਡਰ ਆਫ਼ ਓਮਾਨ ਨਾਲ ਸਨਮਾਨਿਤ ਕੀਤਾ ਗਿਆ (ਫਰਸਟ ਕਲਾਸ) (18 ਦਸੰਬਰ, 2025)**

18 ਦਸੰਬਰ 2025

ਓਮਾਨ ਦੇ ਸੁਲਤਾਨ ਮਹਾਮਹਿਮ ਹੈਥਮ ਬਿਨ ਤਾਰਿਕ ਨੇ ਭਾਰਤ-ਓਮਾਨ ਸੰਬੰਧਾਂ ਵਿੱਚ ਅਸਧਾਰਨ ਯੋਗਦਾਨ ਅਤੇ ਦੂਰ-ਦਰਸ਼ੀ ਅਗਵਾਈ ਲਈ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੂੰ ''ਆਰਡਰ ਆਫ਼ ਓਮਾਨ ਫਰਸਟ ਕਲਾਸ)' ਪੁਰਸਕਾਰ ਨਾਲ ਸਨਮਾਨਿਤ ਕੀਤਾ।

2. ਧਾਨ ਮੰਤਰੀ ਨੇ ਇਸ ਸਨਮਾਨ ਨੂੰ ਦੋਵਾਂ ਦੇਸ਼ਾਂ ਦਰਮਿਆਨ ਸਦੀਆਂ ਪੁਰਾਣੀ ਦੋਸਤੀ ਨੂੰ ਸਮਰਪਿਤ ਕੀਤਾ ਅਤੇ ਇਸ ਨੂੰ ਭਾਰਤ ਅਤੇ ਓਮਾਨ ਦੇ 1.4 ਅਰਬ ਲੋਕਾਂ ਦੇ ਵਿਚਕਾਰ ਸਨੇਹ ਅਤੇ ਪਿਆਰ ਦਾ ਪ੍ਰਤੀਕ ਦੱਸਿਆ.

3. ਪ੍ਰਧਾਨ ਮੰਤਰੀ ਦੀ ਓਮਾਨ ਦੀ ਯਾਤਰਾ ਦੇ ਦੌਰਾਨ ਦੋਵਾਂ ਦੇਸ਼ਾਂ ਦਰਮਿਆਨ ਕੂਟਨੀਤਿਕ ਸੰਬੰਧਾਂ ਦੇ 70 ਸਾਲ ਪੂਰੇ ਹੋਣ ਦੇ ਮੌਕੇ 'ਤੇ ਇਸ ਸਨਮਾਨ ਨੂੰ ਪ੍ਰਦਾਨ ਕਰਨਾ, ਇਸ ਮੌਕੇ ਅਤੇ ਰਣਨੀਤਿਕ ਸਾਂਝੇਦਾਰੀ ਨੂੰ ਵਿਸ਼ੇਸ਼ ਮਹੱਤਵ ਦਿੰਦਾ ਹੈ.

4. ਮਹਾਮਹਿਮ ਸੁਲਤਾਨ ਕਾਬੂਸ ਬਿਨ ਸੈਦ ਵੱਲੋਂ 1970 ਵਿੱਚ ਸਥਾਪਿਤ, ਆਰਡਰ ਆਫ਼ ਓਮਾਨ (ਫਰਸਟ ਕਲਾਸ) ਚੋਣਵੇਂ ਵਿਸ਼ਵ ਲੀਡਰਾਂ ਨੂੰ ਜਨਤਕ ਜੀਵਨ ਅਤੇ ਦੁਵੱਲੇ ਸੰਬੰਧਾਂ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਪ੍ਰਦਾਨ ਕੀਤਾ ਜਾਂਦਾ ਹੈ.

ਮਸਕਟ

18 ਦਸੰਬਰ 2025